# ਪ੍ਰਵਾਸੀ ਵਰਕਰਾਂ ਲਈ NLRB
# ਦੀਆਂ ਪੜਤਾਲਾਂ ਬਾਰੇ ਅਹਿਮ ਜਾਣਕਾਰੀ

**ਰਾਸ਼ਟਰੀ ਕਿਰਤ ਸਬੰਧਾਂ ਬਾਰੇ ਕਾਨੂੰਨ (NLRA) ਨਿਜੀ-ਖੇਤਰ ਦੇ ਬਹੁਤੇ ਮੁਲਾਜ਼ਮਾਂ ਦੇ ਇਮੀਗ੍ਰੇਸ਼ਨ ਦਰਜੇ ਨੂੰ ਧਿਆਨ ਵਿੱਚ ਰੱਖੇ ਬਿਨਾ ਉਹਨਾਂ ਦੀ ਰਾਖੀ ਕਰਦਾ ਹੈ। NLRA ਮੁਲਾਜ਼ਮਾਂ ਨੂੰ ਇਹ ਹੱਕ ਦਿੰਦਾ ਹੈ:**

- ਉਜਰਤਾਂ ਅਤੇ ਕੰਮ ਦੀਆਂ ਹੋਰਨਾਂ ਸਥਿਤੀਆਂ ਬਾਰੇ ਗੱਲਬਾਤ ਕਰਨ ਲਈ ਯੂਨੀਅਨ ਬਣਾਉਣੀ, ਸ਼ਾਮਿਲ ਹੋਣਾ ਜਾਂ ਮਦਦ ਕਰਨੀ।
- ਸਹਿ-ਵਰਕਰਾਂ, ਯੂਨੀਅਨ, ਵਰਕਰ ਸੈਂਟਰ, ਸਰਕਾਰੀ ਏਜੰਸੀ, ਮੀਡੀਆ ਜਾਂ ਲੋਕਾਂ ਨਾਲ ਉਜਰਤਾਂ ਅਤੇ ਕੰਮ ਦੀਆਂ ਹੋਰਨਾਂ ਸਥਿਤੀਆਂ ਬਾਰੇ ਵਿਚਾਰ-ਚਰਚਾ ਕਰਨੀ।
- ਉਜਰਤਾਂ ਅਤੇ ਕੰਮ ਦੀਆਂ ਹੋਰਨਾਂ ਸਥਿਤੀਆਂ ਨੂੰ ਬਿਹਤਰ ਬਣਾਉਣ ਦੀ ਕੋਸ਼ਿਸ਼ ਕਰਦਿਆਂ ਸਹਿ-ਵਰਕਰਾਂ ਨਾਲ ਸਮੂਹਕ ਕਾਰਵਾਈ ਕਰਨੀ।
- ਇਹਨਾਂ ਵਿੱਚੋਂ ਕਿਸੇ ਵੀ ਕਾਰਵਾਈ ਵਿੱਚ ਹਿੱਸਾ ਨਾ ਲੈਣ ਦੀ ਚੋਣ ਕਰਨੀ।

**ਸਾਡੇ ਗੁਪਤ ਪੜਤਾਲੀਆ ਅਮਲ ਬਾਰੇ ਜਾਣਨ ਲਈ, ਤੁਹਾਡੇ ਵਾਸਤੇ ਅਹਿਮ ਜਾਣਕਾਰੀ ਹੇਠਾਂ ਦਿੱਤੀ ਗਈ ਹੈ:**

- ਕਿਉਂਕਿ ਇਮੀਗ੍ਰੇਸ਼ਨ ਦਾ ਦਰਜਾ, ਇਸ ਗੱਲ ਲਈ ਢੁਕਵਾਂ ਨਹੀਂ ਹੈ ਕਿ ਕੀ NLRA ਦੀ ਉਲੰਘਣਾ ਹੋਈ ਹੈ:
  - ਅਅਸੀਂ ਤੁਹਾਡੇ ਇਮੀਗ੍ਰੇਸ਼ਨ ਦੇ ਦਰਜੇ ਬਾਰੇ **ਨਹੀਂ** ਪੁੱਛਾਂਗੇ।
  - ਆਪਣੇ ਇਮੀਗ੍ਰੇਸ਼ਨ ਦੇ ਦਰਜੇ ਬਾਰੇ, ਸਾਡੇ ਨਾਲ ਤੁਹਾਨੂੰ ਕੋਈ ਜਾਣਕਾਰੀ ਸਾਂਝੀ ਕਰਨ ਦੀ ਲੋੜ **ਨਹੀਂ ਹੈ।**
  - ਤੁਹਾਨੂੰ ਆਪਣੇ ਮੌਜੂਦਾ/ਸਾਬਕਾ ਸਹਿ-ਵਰਕਰਾਂ ਦੇ ਦਰਜੇ ਬਾਰੇ ਵੀ ਕੋਈ ਜਾਣਕਾਰੀ ਸਾਂਝੀ ਕਰਨ ਦੀ ਲੋੜ **ਨਹੀਂ ਹੈ।**
- ਅਸੀਂ ਸਿਰਫ਼ NLRA ਲਾਗੂ ਕਰਦੇ ਹਾਂ ਅਤੇ ਇਮੀਗ੍ਰੇਸ਼ਨ ਬਾਰੇ ਕਾਨੂੰਨ ਲਾਗੂ ਕਰਨ ਵਿੱਚ ਸ਼ਾਮਿਲ **ਨਹੀਂ** ਹਾਂ।
- ਅਸੀਂ ਹੋਮਲੈਂਡ ਸਿਕਿਓਰਿਟੀ ਬਾਰੇ ਵਿਭਾਗ (DHS), ਇਸ ਵਿੱਚ ਇਮੀਗ੍ਰੇਸ਼ਨ ਅਤੇ ਕਸਟਮਸ ਐਨਫ਼ੋਰਸਮੈਂਟ (ICE) ਜਾਂ ਕੋਈ ਹੋਰ ਇਮੀਗ੍ਰੇਸ਼ਨ ਅਥਾੱਰਿਟੀਆਂ ਸ਼ਾਮਿਲ ਹਨ, ਨਾਲ ਤੁਹਾਡੇ ਬਾਰੇ ਕੋਈ ਵੀ ਜਾਣਕਾਰੀ ਸਾਂਝੀ **ਨਹੀਂ** ਕਰਾਂਗੇ, ਜਦ ਤੱਕ ਤੁਸੀਂ ਇਮੀਗ੍ਰੇਸ਼ਨ ਬਾਰੇ ਰਾਹਤ ਦੀ ਮੰਗ ਕਰਦਿਆਂ ਬੇਨਤੀ ਨਹੀਂ ਕਰਦੇ ਕਿ ਅਸੀਂ ਤੁਹਾਡੀ ਮਦਦ ਕਰਨ ਵਾਸਤੇ ਤੁਹਾਡੀ ਜਾਣਕਾਰੀ ਸਾਂਝੀ ਕਰੀਏ, ਜਿਵੇਂ ਕਿ ਇਸ ਦਸਤਾਵੇਜ਼ ਦੇ ਅੰਤ ਵਿੱਚ ਬੁਲੇਟ ਵਾਲੇ ਬਿੰਦੂ 'ਤੇ ਦੱਸਿਆ ਗਿਆ ਹੈ।
- ਜੇ ਕਿਸੇ ਵੀ ਕਾਰਣ ਕਰਕੇ ਤੁਹਾਨੂੰ ਸਾਡੇ ਦਫ਼ਤਰਾਂ ਵਿੱਚ ਆਉਣ ਬਾਰੇ ਕੋਈ ਚਿੰਤਾਵਾਂ ਹਨ, ਤਾਂ ਕਿਰਪਾ ਕਰਕੇ ਪੜਤਾਲ ਵਿੱਚ ਹਿੱਸਾ ਲੈਣ ਦੇ ਹੋਰਨਾਂ ਤਰੀਕਿਆਂ ਬਾਰੇ ਉਸ ਬੋਰਡ ਏਜੰਟ ਨਾਲ ਗੱਲ ਕਰੋ, ਜਿਸ ਨੂੰ ਕੇਸ ਸੌਂਪਿਆ ਗਿਆ ਹੈ, ਇਸ ਵਿੱਚ ਸਾਡੇ ਦਫ਼ਤਰ ਤੋਂ ਬਾਹਰ ਜਾਂ ਵੀਡੀਓ ਰਾਹੀਂ ਤੁਹਾਡਾ ਹਲਫ਼ਨਾਮਾ ਲੈਣਾ ਵੀ ਸ਼ਾਮਿਲ ਹੈ।
- ਸਾਡੀਆਂ ਪੜਤਾਲਾਂ ਗੁਪਤ ਹਨ, ਇਸਦਾ ਮਤਲਬ ਇਹ ਹੈ ਕਿ ਅਸੀਂ ਤੁਹਾਡੇ ਹਲਫ਼ਨਾਮੇ ਦਾ ਖ਼ੁਲਾਸਾ ਕਿਸੇ ਨੌਕਰੀਦਾਤਾ ਨੂੰ **ਨਹੀਂ** ਕਰਾਂਗੇ, ਜਦ ਤੱਕ ਕਿ ਤੁਸੀਂ ਕਿਸੇ ਮੁਕੱਦਮੇ ਵਿੱਚ ਗੁਆਹੀ ਨਹੀਂ ਦਿੰਦੇ ਜਾਂ ਅਸੀਂ ਫ਼ੈਡਰਲ ਅਦਾਲਤ ਨੂੰ ਮਨਾਹੀ ਦੇ ਹੁਕਮ ਲਈ ਨਹੀਂ ਕਹਿੰਦੇ।
- ਜੇ ਸਾਡੇ ਨਾਲ ਅੰਗ੍ਰੇਜ਼ੀ ਵਿੱਚ ਗੱਲਬਾਤ ਕਰਨ ਵਿੱਚ ਤੁਸੀਂ ਸੁਖਾਵਾਂ ਮਹਿਸੂਸ ਨਹੀਂ ਕਰਦੇ, ਤਾਂ ਅਸੀਂ ਮਦਦ ਅਤੇ ਜਾਣਕਾਰੀ ਦੇਣ ਲਈ ਤੁਹਾਡੀ ਪਸੰਦੀਦਾ ਭਾਸ਼ਾ ਵਿੱਚ ਦੁਭਾਸ਼ੀਏ ਦਾ ਪ੍ਰਬੰਧ ਕਰਾਂਗੇ।
- ਜੇ ਤੁਹਾਨੂੰ ਪਤਾ ਹੈ ਕਿ ਕੋਈ ਨੌਕਰੀਦਾਤਾ ਜਾਂ ਯੂਨੀਅਨ ਹੇਠਾਂ ਦਿੱਤੇ ਕਿਸੇ ਵੀ ਵਿਹਾਰ ਵਿੱਚ ਸ਼ਾਮਿਲ ਹੋਈ ਹੈ, ਤਾਂ ਕਿਰਪਾ ਕਰਕੇ ਇਸ ਬਾਰੇ ਬੋਰਡ ਏਜੰਟ ਨੂੰ ਦੱਸੋ, ਕਿਉਂਕਿ ਇਸ ਨਾਲ ਕਾਨੂੰਨ ਦੀ ਉਲੰਘਣਾ ਹੋ ਸਕਦੀ ਹੈ:
  - DHS ਜਾਂ ICE ਨੂੰ ਕਾੱਲ ਕਰਕੇ ਧਮਕਾਉਣਾ ਜਾਂ ਇਹੋ ਜਿਹੀਆਂ ਹੋਰ ਧਮਕੀਆਂ ਦੇਣੀਆਂ, ਕਿਉਂਕਿ ਤੁਸੀਂ ਜਾਂ ਹੋਰ ਮੁਲਾਜ਼ਮ ਕੰਮ ਦੀਆਂ ਸਥਿਤੀਆਂ ਨੂੰ ਬਿਹਤਰ ਬਣਾਉਣ ਲਈ ਯੂਨੀਅਨ ਦੀ ਸਰਗਰਮੀ ਜਾਂ ਕਿਸੇ ਹੋਰ ਸਮੂਹਕ ਕਾਰਵਾਈ ਵਿੱਚ ਸ਼ਾਮਿਲ ਹੋਏ ਹੋ।
  - ਜਾਇਜ਼, ਨਿਰਪੱਖ ਕਾਰਣ ਤੋਂ ਬਿਨਾ ਮੁਲਾਜ਼ਮਾਂ ਨੂੰ ਨਵੇਂ ਜਾਂ ਅਪਡੇਟ ਕੀਤੇ ਗਏ ਇਮੀਗ੍ਰੇਸ਼ਨ ਬਾਰੇ ਦਸਤਾਵੇਜ਼/ਕਾਗਜ਼ਾਤ ਲਈ ਕਹਿਣਾ ਜਾਂ ਮੁਲਾਜ਼ਮਾਂ ਦੇ ਕੰਮ ਦੇ ਅਖ਼ਤਿਆਰਨਾਮੇ ਦੀ ਮੁੜ-ਪੁਸ਼ਟੀ ਕਰਨੀ, ਜਿਸ ਨਾਲ NLRA ਜਾਂ ਹੋਰ ਕਾਨੂੰਨਾਂ ਦੀ ਉਲੰਘਣਾ ਹੋ ਸਕਦੀ ਹੈ।
- ਜੇ ਪੜਤਾਲ ਮੁੱਕਣ ਦੇ ਪੜਾਅ 'ਤੇ, ਅਸੀਂ ਫ਼ੈਸਲਾ ਕਰਦੇ ਹਾਂ ਕਿ ਇਲਜ਼ਾਮ (ਨੌਕਰੀਦਾਤਾ ਜਾਂ ਯੂਨੀਅਨ ਨੇ ਕਾਨੂੰਨ ਦੀ ਉਲੰਘਣਾ ਕੀਤੀ ਹੈ) ਦੇ ਗੁਣਾਂ ਜਾਂ ਔਗੁਣਾਂ ਦੇ ਅਧਾਰ 'ਤੇ ਫ਼ੈਸਲਾ ਕਰਨ ਅਤੇ ਸਾਨੂੰ ਪ੍ਰਸ਼ਾਸਨੀ ਕਾਨੂੰਨ ਬਾਰੇ ਜੱਜ ਸਾਹਮਣੇ ਕੇਸ ਦਾਇਰ ਕਰਨਾ ਪੈਣਾ ਹੈ, ਤਾਂ ਅਸੀਂ ਨੌਕਰੀਦਾਤਾ ਜਾਂ ਯੂਨੀਅਨ ਨੂੰ ਤੁਹਾਡੇ ਇਮੀਗ੍ਰੇਸ਼ਨ ਦੇ ਦਰਜੇ ਬਾਰੇ ਪੁੱਛਣ ਤੋਂ ਰੋਕਣ ਦੀ ਹਰ ਕੋਸ਼ਿਸ਼ ਕਰਾਂਗੇ।
- ਜੇ ਤੁਸੀਂ ਕੋਈ ਇਲਜ਼ਾਮ ਦਾਇਰ ਕੀਤਾ ਹੈ ਜਾਂ ਗੁਆਹ ਹੋ ਅਤੇ ਤੁਸੀਂ ਜਾਂ ਤੁਹਾਡੇ ਨੁਮਾਇੰਦੇ ਨੇ ਸਾਨੂੰ ਦੱਸਿਆ ਹੈ ਕਿ ਕੰਮ ਵਾਲੀ ਥਾਂ 'ਤੇ NLRA ਦੀ ਸੁਰੱਖਿਅਤ ਸਰਗਰਮੀ ਹੈ ਅਤੇ ਉਹਨਾਂ ਮੁਲਾਜ਼ਮਾਂ, ਜੋ ਹੱਕਾਂ ਦੀ ਵਰਤੋਂ ਕਰ ਰਹੇ ਹਨ ਜਾਂ NLRB ਦੇ ਅਮਲ ਵਿੱਚ ਹਿੱਸਾ ਲੈ ਰਹੇ ਹਨ, ਦੀ ਰਾਖੀ ਕਰਨ ਲਈ ਇਮੀਗ੍ਰੇਸ਼ਨ ਬਾਰੇ ਰਾਹਤ ਜ਼ਰੂਰੀ ਹੈ, ਤਾਂ NLRB ਉਸ ਕੰਮ ਵਾਲੀ ਥਾਂ 'ਤੇ ਮੁਲਾਜ਼ਮਾਂ ਲਈ ਇਮੀਗ੍ਰੇਸ਼ਨ ਬਾਰੇ ਰਾਹਤ ਦੀ ਮੰਗ ਕਰਨ ਬਾਰੇ ਵਿਚਾਰ ਕਰੇਗਾ, ਜਿਸ ਵਿੱਚ ਰੱਦ ਕੀਤੀ ਗਈ ਕਾਰਵਾਈ, ਪੈਰੋਲ, U ਜਾਂ T ਵੀਜ਼ੇ ਦੀ ਸਥਿਤੀ ਜਾਂ ਉਪਲਬਧ ਅਤੇ ਹੋਰ ਢੁਕਵੀਂ ਰਾਹਤ ਸ਼ਾਮਿਲ ਹੈ। NLRB ਇਮੀਗ੍ਰੇਸ਼ਨ ਬਾਰੇ ਸਲਾਹ ਨਹੀਂ ਦੇ ਸਕਦਾ। ਜੇ ਤੁਹਾਨੂੰ ਇਮੀਗ੍ਰੇਸ਼ਨ ਕੌਂਸਲ ਦੀ ਲੋੜ ਹੈ, ਤਾਂ ਮੁਫ਼ਤ ਕਾਨੂੰਨੀ ਸੇਵਾਵਾਂ ਦੇਣ ਵਾਲੇ ਪ੍ਰੋਵਾਈਡਰਾਂ ਦੀ ਸੂਚੀ ਇੱਥੇ ਦਿੱਤੀ ਗਈ ਹੈ: https://www.justice.gov/eoir/list-pro-bono-legal-service-providers.

**NLRB ਬਾਰੇ ਹੋਰ ਜਾਣਕਾਰੀ ਲਈ, ਕਿਰਪਾ ਕਰਕੇ ਸਾਡੀ ਵੈਬਸਾਈਟ www.nlrb.gov 'ਤੇ ਜਾਓ।**